# ਪੰਜਾਬ ਰਾਜ ਬਿਜਲੀ ਬੋਰਡ

## ਨੋਟਿਸ (ਉਮੀਦਵਾਰਾਂ ਦੀਆਂ ਸ਼ਿਕਾਇਤਾਂ (ਜੇ ਕੋਈ ਹੋਵੇ) ਦੇ ਨਿਪਟਾਰੇ ਲਈ)

ਨੰਬਰ :22 ਮਿਤੀ:1-09-2009

**ਸਹਾਇਕ ਇੰਜੀ:/ਓ.ਟੀ, ਜੂਨੀਅਰ ਇੰਜੀਨੀਅਰ/ਇਲੈਕਟ੍ਰੀਕਲ ਅਤੇ ਸਬ ਸਟੇਸ਼ਨ ਅਟੈਂਡੈਂਟ ਦੀ ਭਰਤੀ ਲਈ ਲਿਖਤੀ ਟੈਸਟ**

ਉਪਰੋਕਤ ਦਰਜ ਅਸਾਮੀਆਂ ਦੀ ਭਰਤੀ ਸਬੰਧੀ ਲਿਖਤੀ ਟੈਸਟ ਨਿਮਨ ਲਿਖਤ ਅਨੁਸਾਰ ਹੋਣਾ ਨਿਸ਼ਚਿਤ ਹੋਇਆ ਹੈ:-

| ਟੈਸਟ ਦੀ ਮਿਤੀ | ਅਸਾਮੀ | ਸਮਾਂ |
|---|---|---|
| 13.9.2009(**ਐਤਵਾਰ**) | **ਸਬ ਸਟੇਸ਼ਟ ਅਟੈਂਡੈਂਟ** | 8-30 **ਤੋਂ** 10-30 **ਵਜੇ ਤੱਕ** |
| | **ਸਹਾਇਕ ਇੰਜੀਨੀਅਰ/ਓ.ਟੀ** | 12.00 **ਤੋਂ** 14.00 **ਵਜੇ ਤਕ** |
| | **ਜੂਨੀਅਰ ਇੰਜੀਨੀਅਰ/ਇਲੈਕ.** | 15.30 **ਤੋਂ** 17.30 **ਵਜੇ ਤੱਕ** |

ਉਪਰੋਕਤ ਅਸਾਮੀਆਂ ਦੀ ਭਰਤੀ ਲਈ ਲਿਖਤੀ ਟੈਸਟ ਕੇਵਲ ਪਟਿਆਲਾ ਅਤੇ ਚੰਡੀਗੜ੍ਹ ਵਿਖੇ ਹੀ ਹੋਵੇਗਾ। ਇਸ ਸਬੰਧ ਵਿੱਚ ਉਮੀਦਵਾਰ ਨਿਮਨ ਲਿਖਤ ਅਨੁਸਾਰ ਨੋਟ ਕਰ ਲੈਣ:-

1) ਯੋਗ ਉਮੀਦਵਾਰ ਅਤੇ ਅਯੋਗ ਉਮੀਦਵਾਰ ਦੋਵਾਂ ਦੀਆਂ ਸੂਚੀਆਂ( Alpha-wise) ਪੰਜਾਬ ਰਾਜ ਬਿਜਲੀ ਬੋਰਡ ਦੀ ਵੈਬਸਾਈਟ ਤੇ ਉਪਲਬਧ ਹਨ।
2) ਯੋਗ ਉਮੀਦਵਾਰਾਂ ਨੂੰ ਐਡਮਿਟ ਕਾਰਡ ਰਜਿਸਟਰਡ ਡਾਕ ਰਾਹੀਂ ਭੇਜੇ ਜਾ ਚੁਕੇ ਹਨ ਉਹ ਯੋਗ ਉਮੀਦਵਾਰ ਜਿੰਨਾਂ ਨੂੰ 10.9.09 ਤੱਕ ਐਡਮਿਟ ਕਾਰਡ ਪ੍ਰਾਪਤ ਨਹੀਂ ਹੁੰਦੇ , ਨਿਮਨ ਲਿਖਤ ਪਤੇ ਉਤੇ ਮਿਲਣ ਅਤੇ ਨਾਲ ਹੀ ਪਾਸਪੋਰਟ ਸਾਈਜ਼ ਦੀਆਂ 2 ਫੋਟੋ ਨਾਲ ਲੈਕੇ ਆਉਣ, ਤਾਂ ਜ਼ੋ ਉਨ੍ਹਾਂ ਨੂੰ ਡੁਪਲੀਕੇਟ ਐਡਮਿਟ ਕਾਰਡ ਜਾਰੀ ਕੀਤਾ ਜਾ ਸਕੇ। ਡੁਪਲੀਕੇਟ ਐਡਮਿਟ ਕਾਰਡ ਕੇਵਲ ਉਨ੍ਹਾਂ ਉਮੀਦਵਾਰਾਂ ਨੂੰ ਹੀ ਜਾਰੀ ਕੀਤਾ ਜਾਵੇਗਾ, ਜਿੰਨਾਂ ਦਾ ਨਾਂ ਯੋਗ ਉਮੀਦਵਾਰਾਂ ਦੀ ਸੂਚੀ ਵਿੱਚ ਦਰਜ ਹੋਵੇਗਾ।
3) ਈ.ਐਡਮਿਟ ਕਾਰਡ ਡਾਊਨ ਲੋਡ ਕਰਨ ਦੀ ਸਹੂਲਤ ਪੰਜਾਬ ਰਾਜ ਬਿਜਲੀ ਬੋਰਡ ਦੀ ਵੈਬਸਾਈਟ ਤੇ ਵੀ ਉਪਲਬਧ ਹੈ।
4) ਉਮੀਦਵਾਰ ਜ਼ੋ ਕਿ ਅਯੋਗ ਕਰਾਰ ਕੀਤੇ ਗਏ ਹਨ, ਆਪਣੇ ਨਾਂ ਅਯੋਗ ਉਮੀਦਵਾਰਾਂ ਦੀ ਸੂਚੀ ਵਿੱਚ ਚੈਕ ਕਰ ਲੈਣ ਜਿਸ ਵਿੱਚ ਉਨ੍ਹਾਂ ਨੂੰ ਅਯੋਗ ਠਹਿਰਾਉਣ ਦਾ ਕਾਰਣ ਦਰਸਾਇਆ ਗਿਆ ਹੈ।ਜੇਕਰ ਉਮੀਦਵਾਰ ਮਹਿਸੂਸ ਕਰਦਾ ਹੋਵੇ ਕਿ ਉਹ ਯੋਗਤਾ ਦੀਆਂ ਸਾਰੀਆਂ ਸ਼ਰਤਾ ਪੂਰੀਆਂ ਕਰਦਾ ਹੈ ਤਾਂ ਉਹ ਲਿਖਤੀ ਟੈਸਟ ਤੋਂ 2 ਦਿਨ ਪਹਿਲਾਂ ਭਾਵ 11.9.09 ਅਤੇ 12.9.09 ਨੂੰ ਸਵੇਰੇ 10.00 ਤੋਂ ਸ਼ਾਮ 3.00 ਵਜੇ ਤੱਕ ਨਿਮਨ ਲਿਖਤ ਨੋਡਲ ਸੈਂਟਰਾਂ ਤੇ ਤਾਲਮੇਲ ਕਰਨ ਅਤੇ ਇਸ ਦੇ ਨਾਲ ਹੀ 2 ਪਾਸੋਪਰਟ ਸਾਈਜ਼ ਫੋਟੋ ਅਤੇ ਯੋਗਤਾ ਦੇ ਸਬੂਤ ਵਜੋਂ ਸਬੰਧਤ ਦਸਤਾਵੇਜ਼ ਆਪਣੇ ਨਾਲ ਲੈਕੇ ਆਉਣ ਤਾਂ ਜ਼ੋ ਉਸ ਅਨੁਸਾਰ ਐਡਮਿਟ ਕਾਰਡ ਜਾਰੀ ਕੀਤਾ ਜਾ ਸਕੇ।

1) ਕੇਂਦਰੀ ਵਿਦਿਆਲਾ ਨੰਬਰ -2 ਡੀ.ਸੀ.ਡਬਲਿਯੂ, ਪਟਿਆਲਾ।
2) ਜੀ.ਜੀ. ਡੀ.ਐਸ.ਡੀ, ਕਾਲਜ, ਸੈਕਟਰ 32 ਸੀ, ਚੰਡੀਗੜ੍ਹ।

ਸਹੀ/-
ਉਪ ਸਕੱਤਰ/ਭਰਤੀ,
ਪੰ:ਰਾ:ਬਿ:ਬੋ:ਪਟਿਆਲਾ ।